National Research Journal of Social Sciences
Volume-11, Issue-1, January-June 2026
PP: 192-194

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ : ਵਰਤਮਾਨ ਪੰਜਾਬੀ ਸੱਭਿਆਚਾਰ 'ਤੇ ਪ੍ਰਭਾਵ

**ਕੰਵਲਜੀਤ ਕੌਰ**

ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ, ਖਾਲਸਾ ਕਾਲਜ ਫ਼ਾਰ ਵਿਮੈਨ ਸਿਵਿਲ ਲਾਈਨਜ਼, ਲੁਧਿਆਣਾ

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅੱਜ ਦੇ ਪੰਜਾਬੀ ਸਭਿਆਚਾਰਕ ਪਰਿਪੇਖ ਵਿੱਚ ਬੇਹੱਦ ਡੂੰਘਾ, ਜੀਵੰਤ ਅਤੇ ਪ੍ਰਭਾਵਸ਼ਾਲੀ ਅਰਥ ਰੱਖਦੀ ਹੈ। ਜਿੰਨੀ ਵਾਰ ਇਸ ਵਿਸ਼ਾਲ ਬਲਿਦਾਨ ਨੂੰ ਸਮਝਿਆ ਜਾਂਦਾ ਹੈ, ਉਦੋਂ ਹੀ ਸਮਝ ਆਉਂਦੀ ਹੈ ਕਿ ਇਹ ਸਿਰਫ਼ ਇਤਿਹਾਸਕ ਘਟਨਾ ਨਹੀਂਇਹ ਇੱਕ ਸਦੀਵੀ ਸੱਭਿਆਚਾਰਕ ਪ੍ਰੇਰਣਾ ਹੈ, ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ ।

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਜਾਨ ਕਿਸੇ ਇਕ ਧਰਮ ਲਈ ਨਹੀਂ, ਸਾਰੇ ਮਨੁੱਖਾਂ ਦੀ ਧਾਰਮਿਕ ਆਜ਼ਾਦੀ ਲਈ ਵਾਰ ਦਿੱਤੀ। ਅੱਜ ਜਦੋਂ ਲੋਕ ਆਪਣੇ ਅਧਿਕਾਰਾਂ ਅਤੇ ਪਛਾਣ ਲਈ ਖੜ੍ਹੇ ਹੋ ਰਹੇ ਹਨ, ਉਹ ਸ਼ਹਾਦਤ ਇੱਕ ਸ਼ਾਨਦਾਰ ਮਿਸਾਲ ਵਾਂਗ ਕੰਮ ਕਰਦੀ ਹੈ ਅਤੇ ਇਹ ਸਮਝਾਉਂਦੀ ਹੈ ਕਿ ਪੰਜਾਬੀ ਸਭਿਆਚਾਰ ਹਮੇਸ਼ਾਂ ਮਨੁੱਖਤਾ ਨੂੰ ਸਿਰਮੌਰ ਰੱਖਦਾ ਹੈ।

ਅਜੋਕੇ ਦੌਰ ਵਿੱਚ ਜਦੋਂ ਅਨਿਆਏ , ਭੇਦਭਾਵ ਅਤੇ ਸਮਾਜਕ ਤਣਾਅ ਬਰਾਬਰ ਉੱਭਰਦੇ ਹਨ ਤਾਂ ਉਦੋਂ ਗੁਰੂ ਜੀ ਦਾ ਸੰਦੇਸ਼"ਸਰਬੱਤ ਦਾ ਭਲਾ"ਪੰਜਾਬੀ ਸੋਚ ਨੂੰ ਹੋਰ ਮਜ਼ਬੂਤ ਕਰਦਾ ਹੈ। ਉਹਨਾ ਦੀ ਸ਼ਹਾਦਤ ਸਮਾਜਿਕ ਨਿਆਂ ਲਈ ਇੱਕ ਨਵਾਂ ਤੇ ਉੱਚਾ ਮਾਪਦੰਡ ਸਥਾਪਤ ਕਰਦੀ ਹੈ। ਪੰਜਾਬੀ ਲੋੜੀਂਦੇ ਸਮੇਂ ਹਮੇਸ਼ਾਂ ਆਪਣੀ ਸੱਭਿਆਚਾਰਕ ਪਹਿਚਾਣ ਦੀ ਰੱਖਿਆ ਲਈ ਖੜ੍ਹਦੇ ਹਨ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਇਸੇ ਗੌਰਵ ਨੂੰ ਚਮਕਾਉਂਦੀ ਹੈ। ਸਾਹਿਤ, ਗੀਤ-ਸੰਗੀਤ, ਨਾਟਕ, ਚਿੱਤਰਕਲਾਹਰ ਥਾਂ ਇਸ ਵਿਸ਼ਾਲ ਬਲਿਦਾਨ ਦੀਆਂ ਗੂੰਜਾਂ ਨਵੀਂ ਰਚਨਾਤਮਕ ਡੂੰਘਾਈ ਦੀ ਗਵਾਹੀ ਭਰਦੀਆਂ ਹਨ

ਅੱਜ ਦੇ ਬਹੁ-ਸੱਭਿਆਚਾਰਕ ਪੰਜਾਬ ਅਤੇ ਪ੍ਰਵਾਸੀ ਪੰਜਾਬੀ ਭਾਈਚਾਰਿਆਂ ਵਿੱਚ ਗੁਰੂ ਜੀ ਇਕ ਬੇਮਿਸਾਲ ਪ੍ਰੇਰਣਾ ਬਣੇ ਹੋਏ ਹਨ। ਉਹਨਾ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਦੂਜਿਆਂ ਲਈ ਖੜ੍ਹੇ ਹੋਣਾ ਵੀ ਇਕ ਮਹਾਨ ਧਾਰਮਿਕ ਕਰਤੱਵ ਹੈ। ਅੱਜ ਦਾ ਨੌਜਵਾਨ ਹਿੰਮਤ, ਆਵਾਜ਼ ਅਤੇ ਸੱਚਾਈ ਦੀ ਤਲਾਸ਼ ਕਰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਉਸ ਨੂੰ ਇਹ ਅਹਿਸਾਸ ਕਰਾਉਂਦੀ ਹੈ ਕਿ ਉਸਦੀ ਪਛਾਣ ਵਿੱਚ ਹੀ ਬੇਅੰਤ ਤਾਕਤ ਹੈ। ਸਕੂਲਾਂ, ਯੂਨੀਵਰਸਿਟੀਆਂ ਅਤੇ ਕਲਾਤਮਕ ਮੰਚਾਂ 'ਤੇ ਇਹ ਸ਼ਹਾਦਤ ਨਵੇਂ ਅਰਥ ਲੈ ਕੇ ਉੱਭਰ ਰਹੀ ਹੈ। ਅਜੋਕਾ ਪੰਜਾਬੀ ਸਭਿਆਚਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿਰਫ਼ ਇਤਿਹਾਸ ਵਜੋਂ ਨਹੀਂ ਵੇਖਦਾ- ਇਹ ਇੱਕ ਲਗਾਤਾਰ ਚੱਲਦੀ ਪ੍ਰੇਰਣਾ ਹੈ ਜੋ ਨਿਆਂ, ਮਨੁੱਖਤਾ ਅਤੇ ਹਿੰਮਤ ਨੂੰ ਹਰ ਯੁੱਗ ਵਿੱਚ ਨਵੀਂ ਚਮਕ ਦੇਂਦੀ ਹੈ। ਇਹ ਸ਼ਹਾਦਤ ਪੰਜਾਬੀ ਆਤਮਾ ਦੀ ਰੂਹ ਹੈ।

'' ਗੁਰੂ ਸਾਹਿਬ ਦੀ ਸ੍ਹਹਾਦਤ ਹੀ ਏਨੀ ਅਦੁੱਤੀ ਹੈ, ਜੋ ਸ਼ਬਦਾਂ ਦੀ ਸਮਰੱਥਾ ਤੋਂ ਕਿਤੇ ਵਡੇਰੀ ਹੈ । ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ 'ਚ ਹੀ ਬਿਆਨ ਕੀਤਾ ਜਾ ਸਕਦਾ ਹੈ:

ਧਰਮ ਹੇਤ ਸਾਕਾ ਜਿਨਿ ਕੀਆ ।।

ਸੀਸੁ ਦੀਆ ਪਰੁ ਸਿਰਰੁ ਨ ਦੀਆ ॥

ਦੁਨੀਆ ਵਿੱਚ ਸ਼ਹਾਦਤ ਦੀ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ ਜਦੋਂ ਕਿਸੇ ਨੇ ਆਪਣੇ ਨਹੀਂ, ਸਗੋਂ ਦੂਜਿਆਂ ਦੇ ਅਕੀਦੇ ਤੇ ਵਿਸ਼ਵਾਸ ਖ਼ਾਤਰ ਸੈਂਕੜੇ ਮੀਲ ਦਾ ਪੰਧ ਤੈਅ ਕਰ ਕੇ ਆਪਣਾ ਸੀਸ ਵਾਰਿਆ ਹੋਵੇ। ਅਜਿਹੀ ਮਿਸਾਲ ਵੀ ਨਹੀਂ ਮਿਲਦੀ ਕਿ ਨੌਂ ਸਾਲ ਦੇ ਪੁੱਤਰ ਨੇ ਆਪਣੇ ਪਿਤਾ ਨੂੰ ਮੁਗ਼ਲਾਂ ਦੇ ਜ਼ੁਲਮ ਖ਼ਿਲਾਫ਼ ਸ਼ਹਾਦਤ ਦੇਣ ਲਈ ਆਖਿਆ ਹੋਵੇ। ਸਿੱਖੀ 'ਚ ਸ਼ਹਾਦਤ ਦੀ ਪਰੰਪਰਾ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ, ਸਿਰ 'ਚ ਤਪਦੀ ਰੇਤ ਪੁਆ ਕੇ ਸ਼ੁਰੂ ਕੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ਼ ਸਮੁੱਚੇ ਪਰਿਵਾਰ ਤੇ ਸਿੱਖ ਧਰਮ 'ਚ ਸ਼ਹਾਦਤਾਂ ਦੀ ਲੜੀ ਅੱਗੇ ਤੁਰੀ।''[1]

ਪ੍ਰੰਤੂ ਕੀ ਵਰਤਮਾਨ ਸਮੇਂ ਗੁਰੂ ਸਾਹਿਬਾਨ ਦੀ ਸ਼ਹਾਦਤ ਦਾ ਕੋਈ ਵੀ ਅੰਸ਼ ਸਾਡੇ ਅੰਦਰ ਮੌਜੂਦ ਹੈ ? ਅਸੀਂ ਇਸ ਅਜ਼ੀਮ ਸ਼ਹਾਦਤ ਦੀ ਲੋਅ ਨੂੰ ਮਨ-ਮਸਤਕ ਵਿੱਚੋਂ ਮਿਟਾ ਕੇ ਸਿਰਫ਼ ਗੁਰਦੁਆਰਿਆਂ ਵਿੱਚ ਮੱਥਾ ਟੇਕ ਕੇ ਸ਼ਹੀਦੀ ਦਿਹਾੜੇ ਮਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਸੀਂ ਇਹਨਾ ਮਹਾਨ ਸ਼ਹੀਦਾਂ ਦੇ ਪੈਰੋਕਾਰ ਕਹਾਉਣ ਵਿੱਚ ਤਾਂ ਮਾਣ ਮਹਿਸੂਸ ਕਰਦੇ ਹਾਂ ਪਰ ਉਹਨਾਂ ਦੇ ਦਿਖਾਏ ਰਸਤਿਆਂ ਉੱਤੇ ਚੱਲਣ ਤੇ ਹਮੇਸ਼ਾਂ ਕੁਤਾਹੀ ਕਰਦੇ ਹਾਂ , ਨਜ਼ਰਅੰਦਾਜ਼ ਕਰਦੇ ਹਾਂ ਸਾਡੇ ਅੰਦਰ ਹਉਮੈ , ਹੰਕਾਰ, ਈਰਖਾ ਅਤੇ ਲਾਲਚ ਇਸ ਕਦਰ ਵੱਧ ਚੁੱਕਾ ਹੈ ਕਿ , ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵੀ ਅਸੀਂ ਆਏ ਦਿਨ ਅਸੀਂ ਸੰਸਥਾਵਾਂ ਤੇ ਸੱਤਾ ਵਿਚਾਲੇ ਟਕਰਾਅ ਦਾ ਜ਼ਿਕਰ ਮੀਡੀਆ ਵਿੱਚ ਪੜਦੇ ਸੁਣਦੇ ਰਹਿੰਦੇ ਹਾਂ ,ਕਿ ਕਿਵੇਂ ਸਾਡੇ ਸਿਆਸੀ ਤੇ ਧਾਰਮਿਕ ਆਗੂ ਇੱਕ- ਦੂਸਰੇ ਉੱਪਰ ਦੂਸ਼ਣਬਾਜ਼ੀ ਕਰਦੇ ਹਨ , ਭਖਦੀ ਬਿਆਨਬਾਜ਼ੀ ਕਰਦੇ ਹਨ, ਧਾਰਮਿਕ ਭਾਵਨਾਵਾਂ ਨੂੰ ਉਕਸਾਉਂਦੇ ਹਨ, ਅਹੁਦਿਆਂ – ਰੁਤਬਿਆਂ ਖਾਤਰ ਇੱਕ ਦੂਸਰੇ ਦੀਆਂ ਪੱਗਾਂ ਉਤਾਰਦੇ ਹਨ , ਤੁਛ ਜਿਹੇ ਮਸਲਿਆਂ 'ਤੇ ਤੇਗ਼ਾਂ ਚਲਾਉਂਦੇ ਹਨ । ਕੀ ਇਹ ਸਭ ਗੁਰੂ ਸਾਹਿਬਾਨ ਦੀ ਸਿੱਖਿਆਵਾਂ ਦੀ ਅਵੱਗਣਾ ਨਹੀਂ ? ਅੱਜ ਕੱਲ ਦੇ ਅਖੌਤੀ ਧਾਰਮਿਕ ਆਗੂ ਸਿਰਫ਼ ਆਪਣੇ ਨਿੱਜੀ ਅਧਿਕਾਰਾਂ ਨੂੰ ਤਰਜੀਹ ਦਿੰਦੇ ਹਨ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਦੋਂ ਕਿ ਗੁਰੂ ਤੇਗ਼ ਬਹਾਦਰ ਜੀ ਕਸ਼ਮੀਰੀ ਪੰਡਤਾਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦੇਣਾ , ਉਹਨਾਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਦੀ ਵਿਚਾਰਧਾਰਾ ਨੂੰ ਸਰਬਉੱਚ ਮੰਨਣ ਦੀ ਇੱਕ ਵਿਲੱਖਣ ਉਦਾਹਰਨ ਹੈ।

" ਮਨੁੱਖਾਂ ਨੂੰ ਨਾ ਤਾਂ ਦੂਜਿਆਂ ਨੂੰ ਡਰਾਉਣਾ ਚਾਹੀਦਾ ਹੈ ਅਤੇ ਨਾ ਹੀ ਦੂਜਿਆਂ ਤੋਂ ਡਰਨਾ ਚਾਹੀਦਾ ਹੈ ਦੂਜਿਆਂ ਨੂੰ ਡਰਾਉਣ ਜਾਂ ਦੂਜਿਆਂ ਤੋਂ ਡਰਨ ਦਾ ਸੁਭਾਅ ਅਤੇ ਅਭਿਆਸ ਆਪਣੀ ਦੁਸ਼ਮਣੀ ਦੇ ਮੂਲ ਕਾਰਨਾਂ ਵਿੱਚੋਂ ਇੱਕ ਹੈ ਡਰ ਦਾ ਹਵਾਲਾ ਦਿੰਦੇ ਹੋਏ ਗੁਰੂ ਤੇਗ ਬਹਾਦਰ ਜੀ ਲਿਖਦੇ ਹਨ:

ਭੈ ਕਾਹੂ ਕਉ ਦੇਤ ਨਾ,ਨਾਹਿ ਭੈ ਮਾਨਤ ਆਨ

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ [2]

ਇਤਿਹਾਸ ਗਵਾਹ ਹੈ ਕਿ ਜਦੋਂ ਨੌਵੇਂ ਪਾਤਸ਼ਾਹ ਨੂੰ ਉਹਨਾਂ ਦੀ ਸਿੱਖਾਂ ਦੇ ਨਾਲ਼ ਕੈਦ ਕਰ ਲਿਆ ਗਿਆ ਤਾਂ ਗੁਰੂ ਸਾਹਿਬਾਨ 'ਤੇ ਹਕੂਮਤ ਦੇ ਜ਼ੁਲਮ ਸ਼ੁਰੂ ਹੋ ਗਏ ਸਨ ਹਕੂਮਤ ਨੇ ਪਹਿਲਾਂ-ਪਹਿਲ ਤਾਂ ਗੁਰੂ ਸਾਹਿਬ ਨੂੰ ਜ਼ੁਬਾਨੀ ਅਨੇਕਾਂ ਡਰਾਵੇ ਦਿੱਤੇ ਪਰ ਸਾਡੇ ਗੁਰੂ ਸਾਹਿਬਾਨ ਨਾ ਡਰੇ ਤੇ ਨਾ ਹੀ ਡੋਲੇ ਤਾਂ ਉਹਨਾਂ ਨੇ ਆਪਣਾ ਆਖ਼ਰੀ ਹਥਿਆਰ ਇਸਤੇਮਾਲ ਕੀਤਾ ਅਤੇ ਗੁਰੂ ਸਾਹਿਬ ਨੂੰ ਲਾਲਚ ਦਿੱਤਾ ਕਿ ਜੇਕਰ ਉਹ ਉਹਨਾਂ ਦੇ ਕਹੇ ਮੁਤਾਬਿਕ ਇਸਲਾਮ ਕਬੂਲ ਕਰ ਲੈਣ ਤਾਂ ਉਹਨਾਂ ਉਪਰ ਕਿਸੇ ਤਰ੍ਹਾਂ ਦਾ ਤਸ਼ੱਦਦ ਨਹੀਂ ਕੀਤਾ ਜਾਵੇਗਾ। ਪਰ ਸਾਡੇ ਗੁਰੂ ਸਾਹਿਬ ਇਸ ਹਕੂਮਤੀ ਜ਼ਬਰ-ਜ਼ੁਲਮ ਦੇ ਅੱਗੇ ਭਲਾ ਕਿੱਥੇ ਡਰਨ ਵਾਲ਼ੇ ਸਨ ਫੇਰ ਗੁਰੂ ਸਾਹਿਬ ਨਾਲ਼ ਗ੍ਰਿਫਤਾਰ ਕੀਤੇ ਗਏ ਭਾਈ ਦਿਆਲਾ ਜੀ, ਭਾਈ ਮਤੀ ਜੀ ਤੇ ਭਾਈ ਸਤੀ ਦਾਸ ਜੀ ਨੂੰ ਵੀ ਅਨੇਕਾਂ ਤਸ਼ੱਦਦ ਤਸੀਹੇ ਦਿੱਤੇ ਗਏ ਗੁਰੂ ਸਾਹਿਬਾਨ ਨੂੰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ।ਭਾਈ ਮਤੀ ਦਾਸ ਜੀ ਨੂੰ ਆਰੇ ਨਾਲ਼ ਚੀਰਿਆ ਗਿਆ ਤਾਂ ਵੀ ਗੁਰੂ ਸਾਹਿਬਾਨ ਦੇ ਸਿੱਖ ਡੋਲੇ ਨਹੀਂ।ਉਹਨਾਂ ਨੇ ਸੀ ਤੱਕ ਨਹੀਂ ਕੀਤੀ,ਸਗੋਂ ਵਾਹਿਗੁਰੂ ਦਾ ਜਾਪ ਕਰਦੇ ਹੋਏ ਸ਼ਹਾਦਤ ਦਾ ਜਾਮਾ ਹੱਸਦੇ-ਹੱਸਦੇ ਪੀ ਗਏ ਇਸ ਸਭ ਦੇ ਬਾਵਜੂਦ ਵੀ ਗੁਰੂ ਜੀ ਅਡੋਲ ਚਿੱਤ ਰਹੇ। ਭਾਈ ਦਿਆਲਾ ਜੀ ਨੂੰ ਦੇਗ ਦੇ ਉਬਲ਼ਦੇ ਪਾਣੀ ਵਿੱਚ ਸੁੱਟ ਕੇ ਉਬਾਲਿਆ ਗਿਆ। ਇਹ ਦ੍ਰਿਸ਼ ਦੇਖ ਕੇ ਭਾਵੇਂ ਆਸ - ਪਾਸ ਦੇ ਸਾਰੇ ਲੋਕ ਦਹਿਲ ਗਏ ਸਨ ਪਰ ਉਸ ਸਮੇਂ ਵੀ ਗੁਰੂ ਤੇਗ਼ ਬਹਾਦਰ ਜੀ ਅਡੋਲ ਰਹੇ ਗੁਰੂ ਦੇ ਸੱਚੇ ਸਿੱਖ ਅੰਤਾਂ ਦਾ ਜ਼ੁਲਮ ਸਹਿਕੇ ਵੀ ਆਪਣੇ ਮਕਸਦ ਤੋਂ ਭਟਕੇ ਨਹੀ ਅਤੇ ਨਾ ਹੀ ਹਾਰੇ। ਗੁਰੂ ਤੇਗ਼ ਬਹਾਦਰ ਜੀ ਦਾ ਮਕਸਦ ਇਸਲਾਮਿਕ ਜ਼ਬਰ - ਜ਼ੁਲਮ ਤੋਂ ਕਿਤੇ ਵੱਡਾ ਸੀ ਤਾਂਹੀਓ ਗੁਰੂ ਤੇਗ਼ ਬਹਾਦਰ ਜੀ ਦੀ ਅਡੋਲਤਾ ਦੇ ਅੱਗੇ ਹਕੂਮਤ ਬੁਖਲਾ ਗਈ ਸੀ ਆਖਿਰ ਗੁਰੂ ਸਾਹਿਬ ਜੀ ਦੀ ਹੀ ਜਿੱਤ ਹੋਈ

" ਸਿੱਖੀ-ਸਿੱਖ ਜੀਵਨ ਜੁਗਤੀ ਤੇ ਸਿੱਖ ਸੁਭਾਅ ਅਸਲ ਵਿੱਚ ਗੁਰਬਾਣੀ ਦਾ ਹੀ ਵਿਰਸਾ ਹੈ, ਜਿਸ ਦੇ ਆਸਰੇ ਉਸਰਿਆ ਹੈ ਸਾਡਾ ਉਹ ਖੁੱਲ੍ਹਾ - ਡੁੱਲ੍ਹਾ, ਆਜ਼ਾਦ ਤੇ ਅਣਖੀਲਾ ਸੁਭਾਅ ਜੋ ਪਿਆਰ ਨੂੰ ਰੱਬ ਸਮਝਦਾ ਹੈ ਤੇ ਇਸ ਪਿਆਰ ਦੀ ਗ਼ੁਲਾਮੀ ਕਰਦਾ ਹੋਇਆ, " ਜਾਨ ਕੋਹ ਆਪਣੀ ਵਾਰ ਦਿੰਦਾ ਹੈ, ਪਰ ਟੈਂ ਨਹੀਂ ਮੰਨਦਾ ਕਿਸੇ ਦੀ !" ਸਿਰ ਦੇ ਦਿੰਦਾ ਹੈ ਪਰ ਸਿਰੜ ਨਹੀਂ ਦਿੰਦਾ । ਮੌਤ ਨੂੰ ਮਖ਼ੌਲਾਂ ਕਰਨ ਵਾਲ਼ੇ ਇਸ ਸੁਭਾਅ ਕਰਕੇ, ਜਿਥੇ ਸਿੱਖ ਸ਼ਹੀਦਾਂ ਦੀ ਕੌਮ ਕਰਕੇ ਪ੍ਰਸਿੱਧ ਹੋਏ ਹਨ ਤੇ ਪੰਜਾਬ ਸ਼ਹੀਦਾਂ ਦੀ ਖਾਣ ਬਣ ਗਿਆ ਹੈ, ਉਥੇ ਦੇਸ਼ ਤੇ ਕੌਮ ਦੀ ਰੱਖਿਆ ਲਈ ਹਿੰਦ ਦੀ ਚਾਦਰ ਦੇ ਇਹ ਵਾਰਸ, ਹਿੰਦੁਸਤਾਨ ਦਾ ਬਾਹੂ ਬਲ ( ) ਕਰਕੇ ਪਰਵਾਨੇ ਤੇ ਸਨਮਾਨੇ ਜਾਂਦੇ ਰਹੇ ਹਨ । ਇਹ ਤੇਗ਼ ਦੇ ਇਸ ਕਦਰ ਧਨੀ ਹਨ ਕਿ ਬਾਹਰੋਂ ਆਏ ਅਬਦਾਲੀ ਵਰਗੇ ਜ਼ਾਲਮ ਹਤਿਆਰੇ ਨੂੰ ਉਸ ਦੇ ਘਰ ਵਾਪਸ ਪਹੁੰਚਾ ਕੇ, ਉਸ ਦੇ ਘਰ ਦਾ ਬੂਹਾ, ਖ਼ੈਬਰ ਹਮੇਸ਼ਾਂ ਲਈ ਬੰਦ ਕਰ ਆਏ ਹਨ। ਸਗੋਂ ਇਸ ਤੋਂ ਵੀ ਅੱਗੇ ਸ. ਹਰੀ ਸਿੰਘ ਨਲੂਏ ਨੇ ਆਪਣੇ ਤੇਗ਼ ਦੇ ਜ਼ੋਰ, ਦਰਿਆ ਸਿੰਧ ਤੇ ਸੁਲੇਮਾਨ ਪਰਬਤ ਵਿਚਕਾਰਲਾ ਉਹ ਇਲਾਕਾ ਜੋ ਉਤਰ ਪੱਛਮੀ ਸਰਹੱਦੀ ਸੂਬੇ ਕਰਕੇ ਪ੍ਰਸਿੱਧ ਸੀ, ਤੇ ਕਈ ਸਦੀਆਂ ਤੋਂ ਅਫ਼ਗਾਨਿਸਤਾਨ ਦਾ ਹਿੱਸਾ ਸੀ ਤੇ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਪਠਾਣ ਫੌਜਾਂ ਦਾ ਹਮੇਸ਼ਾਂ ਹੀ ਪਹਿਲਾ ਪੜਾਓ ਰਿਹਾ ਸੀ, ਅਫ਼ਗਾਨਿਸਤਾਨ ਕੋਲੋਂ ਖੋਹ ਕੇ ਪੰਜਾਬ ਦੀ ਸਲਤਨਤ ਵਿੱਚ ਸ਼ਾਮਲ ਕਰ ਲਿਆ ਸੀ, ਜੋ ਅੱਜਕਲ ਪਾਕਿਸਤਾਨ ਦਾ ਹਿੱਸਾ ਹੈ ਤੇ ਜਿਸ ਲਈ ਪਾਕਿਸਤਾਨ ਹਮੇਸ਼ਾਂ ਹੀ ਹਰੀ ਸਿੰਘ ਨਲੂਏ ਦੀ ਤੇਗ਼ ਦਾ ਧੰਨਵਾਦੀ ਰਹੇਗਾ ।

ਇਹ ਗੁਰਬਾਣੀ ਦੀ ਸਾਨ ਉੱਤੇ ਚੜ੍ਹੀ ਤੇਗ਼ ਦਾ ਹੀ ਕਮਾਲ ਸੀ ਜਿਸ ਕਰਕੇ ਸਰ ਮੁਹੰਮਦ ਇਕਬਾਲ ਨੇ ਜਾਵੇਦ ਨਾਮਾ ਵਿੱਚ ਆਪਣੇ ਪੁੱਤਰ ਨੂੰ ਲਿਖਿਆ ਸੀ, " ਤੂੰ ਜਾਣਦਾ ਹੀ ਹੈਂ ਕਿ ਖਾਲਸੇ ਨੇ ਆਪਣੀ ਤੇਗ਼ ਦੇ ਜ਼ੋਰ ਇਸਲਾਮੀ ਰਾਜ ਵਾਲੇ ਇਲਾਕੇ ਵਿੱਚ ਹੀ ਇਸਲਾਮੀ ਸੱਤਾ ਨੂੰ ਦਫ਼ਨ ਕਰ ਦਿੱਤਾ ।" ਦੂਸਰੇ ਪਾਸੇ ਇਹ ਦੇਗ਼ ਦੇ ਵੀ ਇਸ ਕਦਰ ਧਨੀ ਹਨ ਕਿ "ਨੀਲਾ ਤਾਰਾ" ਦਮਨਕਾਰੀ ਦੇ ਬਾਵਜੂਦ, ਦਮਨਕਾਰੀਆਂ ਨੂੰ ਆਵਾਜ਼ ਮਾਰ ਕੇ ਲੰਗਰ ਛਕਾਂਦੇ ਰਹੇ ਹਨ । ਹਿੰਦੁਸਤਾਨ ਜਾਂ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਜਦੋਂ ਕਦੀ ਕਾਲ਼, ਭੁੱਖ ਮਰੀ ਜਾਂ ਕੋਈ ਆਪਦਾ ਆਵੇ, ਪੰਜਾਬ ਦਿਲ ਖੋਲ੍ਹ ਕੇ ਅੰਨ ਤੇ ਹੋਰ ਸਹਾਇਤਾ ਦਿੰਦਾ ਆਇਆ ਹੈ।"[3]

ਪਰੰਤੂ ਵਰਤਮਾਨ ਸਮੇਂ ਦੀ ਇਹੀ ਤ੍ਰਾਸਦੀ ਹੈ ਕਿ ਅਸੀਂ ਗੁਰੂਆਂ , ਯੋਧਿਆਂ, ਤੇ ਸੂਰਬੀਰਾਂ ਦੀ ਅਜ਼ੀਮ ਸ਼ਹਾਦਤ ਨੂੰ ਨਜ਼ਰ ਅੰਦਾਜ਼ ਕਰ ਕੇ ਖੋਖ਼ਲੇ ਰਸਮ-ਰਿਵਾਜ਼ਾਂ ਤੇ ਦਿਖਾਵੇ ਦੇ ਚੱਕਰ ਵਿਚ ਆਪਣੇ ਅਮੀਰ ਸ਼ਹਾਦਤਾਂ ਵਾਲ਼ੇ ਇਤਹਾਸਕ ਵਿਰਸੇ ਨੂੰ ਲੀਕ ਲਾ ਰਹੇ ਹਾਂ ਥਾਂ-ਥਾਂ 'ਤੇ ਪਖੰਡੀ ਧਰਮ ਗੁਰੂਆਂ ਦਾ ਬੋਲ ਬਾਲਾ ਹੈ ਜੋ ਲੋਕਾਂ ਨੂੰ ਕਰਾਹੇ ਪਾਉਣ ਤੋਂ ਕੋਈ ਕਸਰ ਬਾਕੀ ਨਹੀਂ ਛੱਡਦੇ

"ਅੱਜ ਕੱਲ੍ਹ ਦੇਹ-ਧਾਰੀ ਗੁਰੂ ਬਾਰੇ ਬੜਾ ਭੁਲੇਖਾ ਹੈ । ਜਣਾ ਖਣਾ ਗੁਰੂ ਬਣਿਆ ਬੈਠਾ ਹੈ । ਪਰ ਤੱਤਵ ਇਹ ਹੈ ਕਿ ਸਰੀਰ ਕਦੀ ਵੀ ਗੁਰੂ ਨਹੀਂ ਹੋਇਆ । ਗੁਰੁ ਸਦਾ ਹੀ "ਸ਼ਬਦ-ਜੋਤਿ" ਰਹੀ . ਸਰੀਰ ਸਦੀਵੀ ਨਹੀਂ, ਬਿਨਸਣਹਾਰ ਹੈ । "ਸ਼ਬਦ-ਜੋਤਿ" ਸਦਾ ਅਮਰ ਤੇ ਅਟੱਲ ਹੈ। ਮੌਸਮੀ ਦੇਹ-ਧਾਰੀ ਗੁਰੂ ਅਜ ਹੀ ਪੈਦਾ ਨਹੀਂ ਹੋਏ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਵੀ ਇਹਨਾਂ ਲਾਲਚ-ਅਧੀਨ ਬਾਬੇ ਬਕਾਲੇ ਮੰਜੀਆਂ ਲਾ ਕੇ ਕੁਝ ਦੇਰ ਤਕ ਪਰਪੰਚ ਰਚਾਈ ਰਖਿਆ। ਪਰ ਕੂੜ ਦੀ ਖੇਡ ਜ਼ਿਆਦਾ ਦੇਰ ਤੱਕ ਨਹੀਂ ਚਲ ਸਕਦੀ, ਅੰਤ ਨੂੰ ਸਫ਼ ਵਲ੍ਹੇਟ ਗਏ । ਪਰ ਗੁਰੂ ਜੋਤਿ (ਸ਼ਬਦ-ਬ੍ਰਹਮ) ਇਕ-ਰਸ ਪ੍ਰਕਾਸ਼ ਬਖ਼ਸ਼ਦੀ ਚਲੀ ਆ ਰਹੀ ਹੈ ।"[4]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"ਇੰਜ ਤੇਗ਼ ਦੇ ਧਨੀ, ਤਿਆਗ ਦੇ ਪੁੰਜ , ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਡਰਾਉਣ ਵਾਲੇ ਇਸ ਯੋਧੇ ਨੇ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ "ਅਜ਼ਮਤ ਜਾਂ ਇਸਲਾਮ ਵਿੱਚੋਂ ਕਿਸੇ ਚੀਜ਼ ਨੂੰ ਵੀ ਕਬੂਲ ਨਾ ਕਰਦਿਆਂ ਆਪਣੀ ਅਤੇ ਹੋਰਨਾਂ ਦੀ ਆਤਮਿਕ ਆਜ਼ਾਦੀ ਲਈ "ਸੀਸ" ਦੇ ਦਿੱਤਾ, ਪਰ "ਸਿਰੜ " ਨਾ ਦਿੱਤਾ, ਜਿਸ ਨੂੰ ਦੇਖ ਗੁਰੂ ਗੋਬਿੰਦ ਸਿੰਘ ਜੀ ਬੋਲ ਉਠੇ :

" ਠੀਕਰ ਫੋਰ ਦਿਲੀਸ ਸਿਰ, ਪ੍ਰਭਪੁਰ ਕਿਯਾ ਪਯਾਨ ।

ਤੇਗ਼ ਬਹਾਦਰ ਸੀ ਕ੍ਰਿਆ, ਕਰੀ ਨਾ ਕਿਨਹੂੰ ਆ ਨਾ।

ਤੇਗ਼ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ।

ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰਲੋਕ ।"[5]

ਅੱਜ ਲੋੜ ਹੈ ਕੁਰਾਹੇ ਨੂੰ ਛੱਡ ਕੇ,ਗੁਰੂ ਦੇ ਦੱਸੇ ਸੱਚੇ ਰਸਤੇ 'ਤੇ ਚੱਲਣ ਦੀ, ਕੱਟੜਤਾ ਦੇ ਨਸ਼ੇ ਵਿੱਚ ਲੋਕਾਈ ਦੇ ਘਰ ਛੱਡ ਕੇ ਨਫ਼ਰਤਾਂ ਦੇ ਘਰ ਢਾਉਣ ਦੀ, ਆਪਸੀ ਸਾਂਝਾਂ ਸਿਰਜ ਕੇ ਗੁਰੂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ।ਪਰ ਦੁਖਾਂਤ ਇਹ ਕਿ ਅੱਜ ਦੀ ਨੌਜਵਾਨ ਪੀੜ੍ਹੀ ਦੂਸਰਿਆਂ ਲਈ ਸ਼ਹੀਦ ਹੋਣ ਦੀ ਵਜਾਏ ਆਪਣੀ ਮੌਜ-ਮਸਤੀ ਵਿੱਚ ਨਸ਼ੇ ਦੇ ਹੜ੍ਹ ਵਿੱਚ ਰੁੜ ਰਹੇ ਹਨ। ਆਪਣੇ -ਆਪ ਨੂੰ ਨਸ਼ਿਆਂ ਦੀ ਦਲਦਲ ਵਿਚ ਸੁੱਟ ਰਹੇ ਹਨ  ਆਪਣੀ ਧਰਤ 'ਤੇ ਕਿਰਤ ਕਰਨ ਦੀ ਥਾਂ ਵਿਦੇਸ਼ਾਂ ਵੱਲ ਨੂੰ ਰੁਖ਼ ਕਰ ਰਹੇ ਹਨ

'ਸਾਂਝੀਵਾਲਤਾ ਦੇ ਰਸਤੇ ਨੂੰ ਛੱਡ ਕੇ ਨਫ਼ਰਤਾਂ ਦੇ ਖੇਮੇ ਬਣਾ ਰਹੇ ਹਨ ਅਤੇ ਸਾਡੇ ਗੁਰੂ

ਸਾਹਿਬਾਨ ਦੀ ਸ਼ਹਾਦਤਾਂ ਨੂੰ ਲੀਕ ਲਾ ਰਹੇ ਹਾਂ

**ਹਵਾਲੇ ਟਿੱਪਣੀਆਂ**

1. ਅਰਵਿੰਦਰ ਜੌਹਲ : ਧਰਮ ਹੇਤ ਸਾਕਾ ਜਿਨਿ ਕੀਆ।।,ਪੰਜਾਬੀ ਟ੍ਰਿਬਿਊਨ ਐਤਵਾਰ 23 ਨਵੰਬਰ 2025, ਪੰਨਾ - 6
2. ਸੁਖਦੇਵ ਸਿੰਘ : ਮਨੁੱਖੀ ਅਧਿਕਾਰਾਂ ਦੇ ਰਾਖੇਗੁਰੂ ਤੇਗ਼ ਬਹਾਦਰ ,ਪੰਜਾਬੀ ਟ੍ਰਿਬਿਊਨ ਐਤਵਾਰ 23 ਨਵੰਬਰ 2025, ਪੰਨਾ - 7
3. ਸੁਰਜੀਤ ਸਿੰਘ ਭਾਟੀਆ : ਸਿੱਖੀ ਦੀ ਨਵੇਕਲੀ ਪਹਿਚਾਣ, ਪੰਨਾ - 84, ਪ੍ਰਕਾਸ਼ਕ-ਤੇਜਿੰਦਰਬੀਰ ਸਿੰਘ, ਲਾਹੌਰ ਬੁਕ ਸ਼ਾਪ ਲੁਧਿਆਣਾ
4. ਭਾਈ ਜੋਗਿੰਦਰ ਸਿੰਘ ਤਲਵਾੜਾ : ਬਾਣੀ ਸ਼੍ਰੀ ਗੁਰੂ ਤੇਗ ਬਹਾਦਰ ਜੀ, ਪੰਨਾ - ੧੬੩ , ਪ੍ਰਕਾਸ਼ਕ : ਸਿੰਘ ਬ੍ਰਦਰਜ਼ ਮਾਈ ਸੇਵਾ ਗੇਟ,ਅੰਮ੍ਰਿਤਸਰ
5. ਪਿਆਰ ਸਿੰਘ(ਸੰਪ.) : ਸ਼੍ਰੀ ਗੁਰੂ ਤੇਗ ਬਹਾਦਰ (ਫ਼ਾਰਸੀ ਸਰੋਤ) ਪੰਨਾ-45, ਪ੍ਰਕਾਸ਼ਕ - ਪੰਜਾਬੀ ਭਾਸ਼ਾ,ਸਾਹਿੱਤ ਤੇ ਸੱਭਿਆਚਾਰ ਵਿਭਾਗ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ


© Copyright @ Authors